Waheguru Ji Ka Khalsa,
Waheguru Ji Ki Fateh

Today's Hukamnama *Thursday 05-11-2026*

ਸੋਰਠਿ ਮਹਲਾ ੫ ॥

Sorat'h, Fifth Mehl:

ਸੋਰਠਿ ਪੰਜਵੀਂ ਪਾਤਿਸ਼ਾਹੀ।

ਹਮਰੀ ਗਣਤ ਨ ਗਣੀਆ ਕਾਈ ਅਪਣਾ ਬਿਰਦੁ ਪਛਾਣਿ ॥

He did not take my accounts into account; such is His forgiving nature.

ਸਾਹਿਬ ਨੇ ਮੇਰੇ ਹਿਸਾਬ ਕਿਤਾਬ ਦੀ ਪੜਤਾਲ ਨਹੀਂ ਕੀਤੀ ਅਤੇ ਕੇਵਲ ਆਪਣੇ ਬਖਸ਼ਣ ਵਾਲੇ ਸੁਭਾਅ ਦਾ ਖਿਆਲ ਕੀਤਾ ਹੈ।

ਹਾਥ ਦੇਇ ਰਾਖੇ ਕਰਿ ਅਪੁਨੇ ਸਦਾ ਸਦਾ ਰੰਗੁ ਮਾਣਿ ॥੧॥

He gave me His hand, and saved me and made me His own; forever and ever, I enjoy His Love. ||1||

ਆਪਣਾ ਹੱਥ ਦੇ ਕੇ ਅਤੇ ਮੈਨੂੰ ਆਪਣਾ ਨਿੱਜ ਦਾ ਦਾ ਖਿਆਲ ਕਰ, ਸੁਆਮੀ ਨੇ ਮੇਰੀ ਰੱਖਿਆ ਕੀਤੀ ਹੈ

ਅਤੇ ਹੁਣ ਮੈਂ ਉਸ ਦੇ ਪ੍ਰੇਮ ਦਾ ਹਮੇਸ਼ਾਂ ਅਨੰਦ ਮਾਣਦਾ ਹਾਂ।

ਸਾਚਾ ਸਾਹਿਬੁ ਸਦ ਮਿਹਰਵਾਣ ॥

The True Lord and Master is forever merciful and forgiving.

ਮੇਰਾ ਸੱਚਾ ਸੁਆਮੀ ਸਦਾ ਹੀ ਦਇਆਲੂ ਹੈ।

ਬੰਧੁ ਪਾਇਆ ਮੇਰੈ ਸਤਿਗੁਰਿ ਪੂਰੈ ਹੋਈ ਸਰਬ ਕਲਿਆਣ ॥ ਰਹਾਉ ॥

My Perfect Guru has bound me to Him, and now, I am in absolute ecstasy. ||Pause||

ਮੇਰੇ ਪੂਰਨ ਸੱਚੇ ਗੁਰਾਂ ਨੇ ਦੁੱਖਾਂ ਦੇ ਰਾਹ ਵਿੱਚ ਨੱਕਾ (ਬੰਨ੍ਹ) ਲਾ ਦਿੱਤਾ ਹੈ ਅਤੇ ਮੈਂ ਹੁਣ ਪੂਰਨ-ਅਨੰਦ ਵਿੱਚ ਹਾਂ। ਠਹਿਰਾਉ।

ਜੀਉ ਪਾਇ ਪਿੰਡੁ ਜਿਨਿ ਸਾਜਿਆ ਦਿਤਾ ਪੈਨਣੁ ਖਾਣੁ ॥

The One who fashioned the body and placed the soul within, who gives you clothing and nourishment

ਜਿਸ ਨੇ ਦੇਹ ਘੜੀ ਹੈ, ਉਸ ਅੰਦਰ ਰੂਹ ਫੂਕੀ ਹੈ, ਅਤੇ ਬਸਤ੍ਰ ਤੇ ਖੁਰਾਕ ਬਖਸ਼ੇ ਹਨ,

ਅਪਣੇ ਦਾਸ ਕੀ ਆਪਿ ਪੈਜ ਰਾਖੀ ਨਾਨਕ ਸਦ ਕੁਰਬਾਣੁ ॥੨॥੧੬॥੪੪॥

- He Himself preserves the honor of His slaves. Nanak is forever a sacrifice to Him. ||2||16||44||

ਉਸ ਨੇ ਆਪ ਹੀ ਆਪਣੇ ਗੋਲੇ ਦੀ ਇੱਜ਼ਤ ਰੱਖੀ ਹੈ। ਉਸ ਸਾਹਿਬ ਉਤੋਂ ਨਾਨਕ ਹਮੇਸ਼ਾਂ ਘੋਲੀ ਵੰਞਦਾ ਹੈ।

ਅੰਗ ੬੧੯